ਬਾਹਰੀ ਮਰੀਜ਼ ਸੈਲੂਲਰ ਥੈਰੇਪੀ ਲਈ ਐਮਰਜੈਂਸੀ ਗਾਈਡ

ਵਰਤੋਂ ਲਈ ਨਿਰਦੇਸ਼।

ਵੱਡੀਆਂ ਐਮਰਜੈਂਸੀਆਂ ਲਈ (ਜਾਨ ਨੂੰ ਖ਼ਤਰਾ):

1. **911 'ਤੇ ਕਾਲ ਕਰੋ।** ਐਮਰਜੈਂਸੀ ਮੈਡੀਕਲ ਸੇਵਾਵਾਂ (EMS) ਦੀ ਸਹਾਇਤਾ ਤੋਂ ਬਿਨਾਂ ਮਰੀਜ਼ ਨੂੰ ਨਾ ਲੈ ਕੇ ਜਾਓ।
2. EMS ਤੁਹਾਨੂੰ ਤੁਰੰਤ ਇਲਾਜ ਲਈ ਸਭ ਤੋਂ ਨੇੜਲੇ ਹਸਪਤਾਲ ਲੈ ਜਾ ਸਕਦੀ ਹੈ। ਇਹ ਉਚਿਤ ਅਤੇ ਉਮੀਦ ਅਨੁਸਾਰ ਹੈ—ਤੁਹਾਡੀ ਸੁਰੱਖਿਆ ਸਭ ਤੋਂ ਪਹਿਲਾਂ ਹੈ, ਅਤੇ ਸਾਡੀ ਟੀਮ ਲੋੜ ਅਨੁਸਾਰ ਉਸ ਹਸਪਤਾਲ ਨਾਲ ਤਾਲਮੇਲ ਕਰਕੇ ਤੁਹਾਡੀ ਦੇਖਭਾਲ ਕਰ ਸਕਦੀ ਹੈ।

ਛੋਟੀਆਂ ਐਮਰਜੈਂਸੀਆਂ ਲਈ (ਜਾਨ ਨੂੰ ਖ਼ਤਰਾ ਨਹੀਂ):

1. ਮਰੀਜ਼ ਨੂੰ MSK ਦੇ ਅਰਜੈਂਟ ਕੇਅਰ ਸੈਂਟਰ (UCC) ਲੈ ਕੇ ਜਾਓ।
2. ਜਦੋਂ ਤੁਸੀਂ ਪਹੁੰਚੋ, ਤਾਂ UCC ਦੇ ਕਿਸੇ ਸਟਾਫ਼ ਮੈਂਬਰ ਨੂੰ ਦੱਸੋ ਕਿ ਮਰੀਜ਼ ਸੈਲੂਲਰ ਥੈਰੇਪੀ ਦਾ ਮਰੀਜ਼ ਹੈ।

MSK ਦੇ ਅਰਜੈਂਟ ਕੇਅਰ ਸੈਂਟਰ (UCC) ਦਾ ਪਤਾ:

- ਸਵੇਰੇ 6 ਵਜੇ ਤੋਂ ਅੱਧੀ ਰਾਤ ਤੱਕ, 425 E. 'ਤੇ ਦਾਖ਼ਲ ਹੋਵੋ। 67ਵੀਂ ਸਟ੍ਰੀਟ (1st ਅਤੇ York ਐਵੇਨਿਊ ਦੇ ਵਿਚਕਾਰ)
- ਬਾਕੀ ਸਾਰੇ ਸਮਿਆਂ ਦੌਰਾਨ, 1275 ਯਾਰਕ ਐਵੇਨਿਊ (ਪੂਰਬੀ 67ਵੀਂ ਅਤੇ ਪੂਰਬੀ 68ਵੀਂ ਗਲੀ ਦੇ ਵਿਚਕਾਰ) 'ਤੇ ਦਾਖ਼ਲ ਹੋਵੋ। ਸੁਰੱਖਿਆ ਡੈਸਕ 'ਤੇ ਰਸਤਾ ਪੁੱਛੋ

ਗੈਰ-ਐਮਰਜੈਂਸੀ ਹਾਲਤਾਂ ਲਈ:	ਸੈਲੂਲਰ ਥੈਰੇਪੀ ਟੀਮ ਨੂੰ646-608-3150 'ਤੇ ਕਾਲ ਕਰੋ।
ਸੈਲੂਲਰ ਥੈਰੇਪੀ ਓਨਕੋਲੋਜਿਸਟ (ਕੈਂਸਰ ਮਾਹਿਰ ਡਾਕਟਰ)	
ਸੈਲੂਲਰ ਥੈਰੇਪੀ ਇਨਫ਼ਿਊਜ਼ਨ ਦੀ ਤਾਰੀਖ਼:	

Memorial Sloan Kettering Cancer Center

	ਵੱਡੀਆਂ ਐਮਰਜੈਂਸੀਆਂ: 911 ਨੂੰ ਕਾਲ ਕਰੋ	**ਛੋਟੀਆਂ ਐਮਰਜੈਂਸੀਆਂ:** MSK ਦੇ UCC ਜਾਓ	**ਗੈਰ-ਐਮਰਜੈਂਸੀ:** ਸੈਲੂਲਰ ਥੈਰੇਪੀ ਨੂੰ 646-608-3150 'ਤੇ ਕਾਲ ਕਰੋ	
ਚੌਕਸੀ	• ਜਾਗ ਨਹੀਂ ਰਿਹਾ • ਅਚਾਨਕ ਬਾਹਾਂ ਜਾਂ ਲੱਤਾਂ ਹਿਲਾ ਨਹੀ ਸਕਦਾ • ਦੌਰਾ (ਸਰੀਰ ਦਾ ਬੇਕਾਬੂ ਕੰਬਣਾ ਜਾਂ ਆਕੜ ਜਾਣਾ)	• ਨਜ਼ਰ ਵਿੱਚ ਅਚਾਨਕ ਬਦਲਾਅ	• ਚੱਕਰ ਆਉਣਾ • ਕੰਬਣੀ ਜਾਂ ਸਰੀਰ ਦਾ ਕੰਬਣਾ • ਮੂਡ ਵਿੱਚ ਬਦਲਾਅ • ਐਨਰਜੀ ਲੈਵਲ ਵਿੱਚ ਬਦਲਾਅ • ਸੌਣ ਵਿੱਚ ਮੁਸ਼ਕਲ ਹੋਵੇ। • ਨਵੀਂ ਕਨਫ਼ਿਊਜ਼ਨ ਜਾਂ ਆਮ ਨਾਲੋਂ ਜ਼ਿਆਦਾ ਕਨਫ਼ਿਊਜ਼ਨ	• ਸ਼ਬਦ ਲੱਭਣ ਵਿੱਚ ਮੁਸ਼ਕਲ • ਚੌਕਸੀ ਦੇ ਲੈਵਲ ਵਿੱਚ ਬਦਲਾਅ • ਸੁੰਨ ਹੋਣਾ ਜਾਂ ਝਰਨਾਹਟ • ਤੁਰ-ਫਿਰ ਨਹੀਂ ਸਕਦਾ • ਨਿਗਲਣ ਵਿੱਚ ਮੁਸ਼ਕਲ
ਖੂਨ ਵਹਿਣਾ		• ਖ਼ੂਨ ਵਹਿਣਾ ਜੋ ਰੁਕ ਨਹੀਂ ਰਿਹਾ	• ਖ਼ੂਨ ਦੀ ਉਲਟੀ ਆਉਣਾ • ਨੱਕ ਵਿੱਚੋਂ ਖ਼ੂਨ ਵਹਿਣਾ ਜੋ ਰੁਕ ਨਹੀ ਰਿਹਾ • ਪਿਸ਼ਾਬ ਵਿੱਚ ਖ਼ੂਨ ਆਉਣਾ • ਮਲ ਜੋ ਕਾਲਾ ਅਤੇ ਤਾਰਕੋਲ ਵਰਗਾ (ਚਿਪਚਿਪਾ) ਹੋਵੇ	• ਹਰ ਘੰਟੇ 1 ਜਾਂ ਵੱਧ ਸੈਨੇਟਰੀ ਪੈਡ ਵਰਤਣੇ ਪੈਣ • ਪੇਟੀਕੀਏ (ਚਮੜੀ 'ਤੇ ਛੋਟੇ ਲਾਲ ਜਾਂ ਜਾਮਨੀ ਧੱਬੇ) • ਨਵਾਂ ਖ਼ੂਨ ਵਹਿਣਾ ਜਾਂ ਆਮ ਨਾਲੋਂ ਜ਼ਿਆਦਾ ਖ਼ੂਨ ਵਹਿਣਾ
ਬਲੱਡ ਸ਼ੂਗਰ		• ਬਲੱਡ ਸ਼ੂਗਰ 50 ਤੋਂ ਘੱਟ ਹੈ • ਬਲੱਡ ਸ਼ੂਗਰ 400 ਤੋਂ ਵੱਧ ਹੈ • ਜਗਾਉਣਾ ਔਖਾ ਹੈ	• ਬਲੱਡ ਸ਼ੂਗਰ 50 ਅਤੇ 400 ਦੇ ਵਿਚਕਾਰ ਹੈ	
Saah laina	• ਸਾਹ ਨਹੀਂ ਲੈ ਰਿਹਾ • ਸਾਹ ਲੈਣ ਵਿੱਚ ਮੁਸ਼ਕਲ • ਗਲੇ ਵਿੱਚ ਕੁਝ ਫਸ ਜਾਣਾ (ਦਮ ਘੁੱਟਣਾ)		• ਘਰਘਰਾਹਟ (ਸਾਹ ਲੈਂਦੇ ਸਮੇਂ ਸੀਟੀ ਜਾਂ ਚੀਕ ਵਰਗੀ ਆਵਾਜ਼) • ਬਹੁਤ ਥੋੜ੍ਹੀ ਹਿਲਜੁਲ ਨਾਲ ਹੀ ਜਲਦੀ ਸਾਹ ਚੜ੍ਹ ਜਾਣਾ	• ਨਵੀਂ ਖੰਘ ਜਾਂ ਖੰਘ ਜੋ ਠੀਕ ਨਹੀ ਹੋ ਰਹੀ • ਖੰਘ ਨਾਲ ਖ਼ੂਨ ਜਾਂ ਹਰੀ ਜਾਂ ਪੀਲੀ ਬਲਗ਼ਮ ਆਉਣਾ • ਲੇਟਣ ਵੇਲੇ ਸਾਹ ਲੈਣ ਵਿੱਚ ਮੁਸ਼ਕਲ
ਸੈਂਟਰਲ ਵੀਨਸ ਕੈਥੀਟਰ (CVC)		• ਲਾਈਨ ਹਵਾ ਲਈ ਖੁੱਲ੍ਹੀ ਹੈ ਅਤੇ ਸਾਹ ਚੜ੍ਹਿਆ ਹੋਇਆ ਹੈ। **ਲਾਈਨ ਨੂੰ ਤੁਰੰਤ ਕਲੈਂਪ ਕਰੋ।** • ਲਾਈਨ ਟੁੱਟ ਗਈ ਹੈ ਜਾਂ ਲੀਕ ਹੋ ਰਹੀ ਹੈ • ਲਾਈਨ ਬਾਹਰ ਨਿਕਲ ਗਈ ਹੈ	• ਕੈਥੀਟਰ ਨੂੰ ਫਲੱਸ਼ ਨਹੀਂ ਕਰ ਸਕਦੇ • ਕੈਥੀਟਰ ਲੱਗਣ ਵਾਲੀ ਥਾਂ ਤੋਂ ਤਰਲ ਨਿਕਲਣਾ • ਕੈਥੀਟਰ ਲੱਗਣ ਵਾਲੀ ਥਾਂ 'ਤੇ ਦਰਦ • ਕੈਥੀਟਰ ਲੱਗਣ ਵਾਲੀ ਥਾਂ 'ਤੇ ਸੋਜ, ਲਾਲੀ ਜਾਂ ਛੂਹਣ 'ਤੇ ਦਰਦ • ਚਿਹਰੇ ਜਾਂ ਗਰਦਨ ਦੀ ਸੋਜ	
ਦਸਤ (ਪਤਲਾ ਜਾਂ ਪਾਣੀ ਵਰਗਾ ਮਲ)		• ਬੇਕਾਬੂ, ਲਗਾਤਾਰ ਦਸਤ	• ਦਸਤ ਅਤੇ ਪੇਟ ਵਿੱਚ ਮਰੋੜ ਸ਼ੁਰੂ ਹੋਣਾ • ਮਲ ਵਿੱਚ ਪੂਰੀਆਂ ਗੋਲੀਆਂ ਨਿਕਲਣਾ	
ਡਿੱਗਣਾ	• ਡਿੱਗਣ ਤੋਂ ਬਾਅਦ ਹੋਸ਼ ਵਿੱਚ ਬਦਲਾਅ	• ਡਿੱਗਣ ਵੇਲੇ ਸਿਰ 'ਤੇ ਸੱਟ ਲੱਗੀ	• ਡਿੱਗਣ ਵੇਲੇ ਸਿਰ 'ਤੇ ਸੱਟ ਨਹੀਂ ਲੱਗੀ • ਘਰ ਵਿੱਚ ਡਿੱਗਣਾ • ਡਿੱਗਣ ਤੋਂ ਬਾਅਦ ਹੋਸ਼ ਵਿੱਚ ਕੋਈ ਬਦਲਾਅ ਨਹੀਂ	

	ਵੱਡੀਆਂ ਐਮਰਜੈਂਸੀਆਂ: 911 ਨੂੰ ਕਾਲ ਕਰੋ	**ਛੋਟੀਆਂ ਐਮਰਜੈਂਸੀਆਂ:** MSK ਦੇ UCC ਜਾਓ	**ਗੈਰ-ਐਮਰਜੈਂਸੀ:** ਸੈਲੂਲਰ ਥੈਰੇਪੀ ਨੂੰ 646-608-3150 'ਤੇ ਕਾਲ ਕਰੋ
ਥਕਾਵਟ (ਆਮ ਨਾਲੋਂ ਜ਼ਿਆਦਾ ਥੱਕਿਆ ਜਾਂ ਕਮਜ਼ੋਰ ਮਹਿਸੂਸ ਕਰਨਾ)	• ਜਾਗ ਨਹੀਂ ਰਿਹਾ		• ਚੱਕਰ ਆਉਣਾ • ਇੰਨਾ ਥੱਕਿਆ ਹੋਣਾ ਕਿ ਬਿਸਤਰੇ ਤੋਂ ਉੱਠ ਨਾ ਸਕੇ ਜਾਂ ਬਾਥਰੂਮ ਤੱਕ ਤੁਰ ਕੇ ਨਾ ਜਾ ਸਕੇ
ਬੁਖ਼ਾਰ ਜਾਂ ਕਾਂਬਾ		• ਮੂੰਹ ਰਾਹੀਂ ਤਾਪਮਾਨ ਲੈਣ 'ਤੇ 100.4 °F (38 °C) ਜਾਂ ਵੱਧ ਬੁਖ਼ਾਰ • ਕਾਂਬੇ ਨਾਲ ਕੰਬਣਾ (ਤਾਪਮਾਨ ਆਮ ਹੋ ਸਕਦਾ ਹੈ)	• ਜ਼ੁਕਾਮ ਦੇ ਲੱਛਣ (ਨੱਕ ਵਗਣਾ, ਅੱਖਾਂ ਵਿੱਚੋਂ ਪਾਣੀ ਆਉਣਾ, ਛਿੱਕਾਂ, ਖੰਘ)
ਮੂੰਹ ਵਿੱਚ ਦਰਦ (ਮਿਊਕੋਸਾਈਟਿਸ)	• ਸਾਹ ਨਹੀਂ ਲੈ ਰਿਹਾ • ਸਾਹ ਲੈਣ ਵਿੱਚ ਮੁਸ਼ਕਲ		• ਮੂੰਹ ਦੇ ਅੰਦਰ ਚਮਕਦਾਰ ਲਾਲ ਖ਼ੂਨ • ਨਿਗਲਣ ਵਿੱਚ ਮੁਸ਼ਕਲ • ਮਸੂੜਿਆਂ, ਬੁੱਲ੍ਹਾਂ ਜਾਂ ਮੂੰਹ ਦੇ ਅੰਦਰ ਚਿੱਟੇ ਧੱਬੇ ਜਾਂ ਛਾਲੇ • ਦਰਦ ਜੋ ਦਰਦ ਦੀ ਦਵਾਈ ਲੈਣ ਤੋਂ ਬਾਅਦ ਵੀ ਠੀਕ ਨਹੀਂ ਹੁੰਦਾ
ਨੌਜ਼ੀਆ ਜਾਂ ਉਲਟੀ (ਉਲਟੀ ਆਉਣ ਵਰਗਾ ਮਹਿਸੂਸ ਹੋਣਾ ਜਾਂ ਉਲਟੀ ਕਰਨਾ)		• ਪੇਟ ਵਿੱਚ ਬਹੁਤ ਤੇਜ਼ ਦਰਦ • ਉਲਟੀ ਵਿੱਚ ਖ਼ੂਨ ਜਾਂ "ਕੌਫ਼ੀ ਦੇ ਦਾਣਿਆਂ" ਵਰਗਾ ਪਦਾਰਥ • ਬੇਕਾਬੂ, ਲਗਾਤਾਰ ਨੌਜ਼ੀਆ ਅਤੇ ਉਲਟੀਆਂ	• ਉਲਟੀ ਕੀਤੇ ਬਿਨਾਂ ਦਵਾਈਆਂ ਨਹੀਂ ਲੈ ਸਕਦਾ • ਨੌਜ਼ੀਆ ਰੋਕਣ ਵਾਲੀਆਂ ਦਵਾਈਆਂ ਲੈਣ ਤੋਂ ਬਾਅਦ ਵੀ ਨੌਜ਼ੀਆ ਨਹੀਂ ਰੁਕਦਾ
ਦਰਦ	• ਛਾਤੀ ਵਿੱਚ ਬਹੁਤ ਤੇਜ਼ ਦਰਦ • ਛਾਤੀ ਵਿੱਚ ਬਹੁਤ ਜ਼ਿਆਦਾ ਘੁੱਟਣ ਜਾਂ ਦਬਾਅ	• ਅਚਾਨਕ ਬਹੁਤ ਤੇਜ਼ ਸਿਰ ਦਰਦ	• ਨਵਾਂ ਜਾਂ ਬੇਕਾਬੂ ਦਰਦ • ਦਿਲ ਦੀ ਤੇਜ਼ ਧੜਕਣ • ਦਿਲ ਦੇ "ਉਛਲਣ" ਵਰਗਾ ਮਹਿਸੂਸ ਹੋਣਾ • ਛਾਤੀ ਜਾਂ ਪੇਟ ਵਿੱਚ ਜਲਣ • ਪਿਸ਼ਾਬ ਕਰਨ ਜਾਂ ਮਲ ਤਿਆਗ ਸਮੇਂ ਦਰਦ ਜਾਂ ਜਲਣ • ਸੈਂਟਰਲ ਵੀਨਸ ਕੈਥੀਟਰ (CVC) ਲੱਗਣ ਵਾਲੀ ਥਾਂ 'ਤੇ ਦਰਦ • ਜਦੋਂ CVC ਰਾਹੀਂ ਦਵਾਈਆਂ ਜਾਂ ਤਰਲ ਪਦਾਰਥ ਦਿੱਤੇ ਜਾ ਰਹੇ ਹੋਣ ਤਾਂ ਦਰਦ
ਇੱਕ ਧੱਫੜ			• ਨਵੇਂ ਧੱਫੜ • ਦਰਦ, ਖ਼ਾਰਸ਼ ਜਾਂ ਦੋਵਾਂ ਵਾਲੇ ਧੱਫੜ
ਸੋਜ	• ਸਾਹ ਲੈਣ ਵਿੱਚ ਮੁਸ਼ਕਲ	• ਗਲੇ ਵਿੱਚ ਸੋਜ	• ਲੱਤਾਂ, ਬਾਹਾਂ ਜਾਂ ਹੱਥਾਂ ਵਿੱਚ ਸੋਜ • ਦਰਦ ਦੇ ਨਾਲ ਜਾਂ ਬਿਨਾਂ ਅਚਾਨਕ ਸੋਜ
ਪਿਸ਼ਾਬ			• ਪਿਸ਼ਾਬ ਵਿੱਚ ਖ਼ੂਨ ਆਉਣਾ • ਪਿਸ਼ਾਬ ਕਰਦੇ ਸਮੇਂ ਦਰਦ ਜਾਂ ਜਲਣ • 8 ਘੰਟਿਆਂ ਤੋਂ ਵੱਧ ਸਮੇਂ ਤੱਕ ਪਿਸ਼ਾਬ ਨਾ ਆਉਣਾ